# ਨਾਟਕ ਵਿਸ਼ੇ -

## ਪ੍ਰਿਥਵੀ ਰਾਜ ਕਪੂਰ

* **ਜਨਮ ਤੇ ਮਾਤਾ-ਪਿਤਾ -** ਪ੍ਰਿਥਵੀ ਰਾਜ ਕਪੂਰ ਦਾ ਜਨਮ 3 ਨਵੰਬਰ, 1906 ਨੂੰ ਪਿਸ਼ਾਵਰ ਵਿੱਚ ਹੋਇਆ। ਉਸਦਾ ਪਿਤਾ ਦੀਵਾਨ ਬਿਸ਼ੇਸ਼ਰ ਨਾਥ ਪੁਲਿਸ ਇੰਸਪੈਕਟਰ ਸੀ। ਅਜੇ ਉਹ ਤਿੰਨ ਸਾਲਾਂ ਦਾ ਹੀ ਸੀ ਕਿ ਉਸਦੀ ਮਾਂ ਮਰ ਗਈ। ਪ੍ਰਿਥਵੀ ਰਾਜ ਦਾ ਦਾਦਾ ਤਸੀਲਦਾਰ ਸੀ। ਉਸਨੇ ਉਸਨੂੰ ਬੜੇ ਲਾਡਾਂ ਨਾਲ ਪਾਲਿਆ।

* **ਰਾਮ ਲੀਲ੍ਹਾ ਵਿੱਚ ਹਿੱਸਾ -** ਉਸਨੇ ਰਾਮ ਲੀਲ੍ਹਾ ਅਤੇ ਹੋਰ ਨਾਟਕਾਂ ਜੈਸਿਆਂ ਡਰਾਮਿਆਂ ਤੋਂ ਪ੍ਰਭਾਵਿਤ ਹੋ ਕੇ ਖੁਦ ਬੱਚਿਆਂ ਦੀ ਰਾਮ ਲੀਲ੍ਹਾ ਮੰਡਲੀ ਬਣਾਈ। ਉਹ ਖੁਦ ਰਾਮ ਬਣਦਾ ਤੇ ਉਸਦਾ ਮੁਸਲਮਾਨ ਸਾਥੀ ਲਛਮਣ ਦਾ ਪਾਰਟ ਅਦਾ ਕਰਦਾ।

* **ਫ਼ਿਲਮ 'ਸੀਤਾ' -** ਉਸਦੇ ਧਾਰਮਿਕ ਰੁਚੀ, ਆਦਰਸ਼ਵਾਦ, ਜਜ਼ਬਾ ਤੇ ਸੰਵੇਦਨਸ਼ੀਲਤਾ ਕਈ ਸਾਲਾਂ ਮਗਰੋਂ ਫ਼ਿਲਮ 'ਸੀਤਾ' ਵਿੱਚ ਉਭਰੀ, ਜਿਸ ਵਿੱਚ ਉਸਨੇ ਰਾਮ ਚੰਦਰ ਦਾ ਰੋਲ ਕੀਤਾ। ਇਹ ਫ਼ਿਲਮ 1933 ਵਿੱਚ ਬਣੀ ਤੇ ਲਛਮਣ ਦਾ ਰੋਲ ਇੱਕ ਮੁਸਲਮਾਨ ਹਮੀਦ ਨੇ ਨਿਭਾਇਆ। ਪ੍ਰਿਥਵੀ ਰਾਜ ਤੇ ਹਮੀਦ ਦੀ ਭਰਾਵਾਂ ਦੀ ਜੋੜੀ ਬਣੀ। ਰਾਮ ਦਾ ਰੋਲ ਪ੍ਰਿਥਵੀ ਰਾਜ ਦੀ ਧਾਰਨਾ ਅਨੁਸਾਰ ਨਿਭਾਇਆ ਗਿਆ। ਫ਼ਿਲਮ ਵਿੱਚ ਜਦੋਂ ਰਾਮ ਆਪਣੇ ਵੈਰੀਆਂ ਉੱਪਰ ਕਾਬੂ ਪਾ ਕੇ ਉਦਾਸ ਮੁਸਕਰਾਹਟ ਵਿੱਚ ਹੈ, ਤਾਂ ਦਰਸ਼ਕ ਸਿਸਕੀਆਂ ਭਰਨ ਲੱਗ ਪੈਂਦੇ ਸਨ।

* **ਫ਼ਿਲਮੀ ਆਉਣਾ:** ਪ੍ਰਿਥਵੀ ਰਾਜ ਲਾਹੌਰ ਤੋਂ ਬੀ. ਏ. ਪਾਸ ਕਰਕੇ ਸਿੱਧਾ ਬੰਬਈ ਪੁੱਜਾ ਤੇ ਇੰਪੀਰੀਅਲ ਫ਼ਿਲਮ ਕੰਪਨੀ ਦੇ ਡਾਇਰੈਕਟਰ ਨੂੰ ਮਿਲਿਆ। ਉਸਨੇ ਉਸਦੀ ਸ਼ਕਲ ਤੇ ਸਰੀਰ ਦੇਖ ਕੇ ਝਟਪਟ ਰੱਖ ਲਿਆ। ਉਦੋਂ ਪੜ੍ਹੇ-ਲਿਖੇ ਲੋਕ ਫ਼ਿਲਮਾਂ ਵਿੱਚ ਘੱਟ ਹੀ ਜਾਂਦੇ ਸਨ, ਇਸ ਕਰਕੇ ਪ੍ਰਿਥਵੀ ਰਾਜ ਦੀ ਬੀ. ਏ. ਦੀ ਡਿਗਰੀ ਨੂੰ ਫ਼ਿਲਮ ਦੇ ਪੋਸਟਰ ਉੱਤੇ ਮੋਟੇ ਅੱਖਰਾਂ ਵਿੱਚ ਲਿਖਿਆ ਜਾਂਦਾ।

* **ਨਿਊ ਥੀਏਟਰਜ਼ ਵਿੱਚ:** ਮੈਂਗਸ਼ਨ ਦੀ ਕੰਪਨੀ ਦੇ ਫੇਲ੍ਹ ਹੋਣ ਮਗਰੋਂ ਉਹ ਨਿਊ ਥੀਏਟਰਜ਼ ਕੰਪਨੀ ਵਿੱਚ ਕੰਮ ਕਰਨ ਲੱਗਾ। ਪੀ. ਸੀ. ਬਰੂਆ ਦੀ ਡਾਇਰੈਕਟ ਕੀਤੀ ਫ਼ਿਲਮ ਵਿੱਚ ਪ੍ਰਿਥਵੀ ਰਾਜ ਨੇ ਡਾ. ਸੁਰੇਸ਼ ਦਾ ਪਾਰਟ ਕੀਤਾ। 'ਵਿਦਿਆਪਤੀ' ਵਿੱਚ ਰਾਜੇ ਦਾ ਤੇ 'ਡਾਕੂ ਮਨਸੂਰ' ਵਿੱਚ ਧਾੜਵੀ ਡਾਕੂ ਲੁਟੇਰੇ ਦਾ ਰੋਲ ਕਰਕੇ ਉਸਨੇ ਲੋਕਾਂ ਨੂੰ ਆਪਣੀ ਕਲਾ ਦਾ ਅਹਿਸਾਸ ਕਰਾਇਆ।

* **ਪ੍ਰਿਥਵੀ ਥੀਏਟਰ ਦੀ ਨੀਂਹ:** ਭਾਵੇਂ ਉਹ ਅਦਾਕਾਰੀ ਦੀਆਂ ਸਿਖਰਾਂ ਉੱਤੇ ਸੀ, ਤਾਂ ਉਸਨੇ ਫ਼ਿਲਮਾਂ ਵਿੱਚ ਕੰਮ ਕਰਨਾ ਛੱਡ ਕੇ ੧੯੪੪ ਵਿੱਚ ਪ੍ਰਿਥਵੀ ਥੀਏਟਰ ਦੀ ਨੀਂਹ ਰੱਖੀ। ਉਸਨੇ ਕੁੱਲ ਅੱਠ ਨਾਟਕ ਖੇਡੇ। ਸ਼ਕੁੰਤਲਾ ਉਸਦਾ ਸਭ ਤੋਂ ਪਹਿਲਾਂ ਨਾਟਕ ਸੀ ਜੋ ਅਸਫ਼ਲ ਰਿਹਾ। ਆਪਣੀ ਅਸਫ਼ਲਤਾ ਦੇ ਪ੍ਰਤੀਕਰਮ ਵਜੋਂ ਉਸਨੇ ਇੱਕ ਸਮਾਜਿਕ ਨਾਟਕ 'ਦੀਵਾਰ' (1945) ਵਿੱਚ ਸ਼ੁਰੂ ਕੀਤਾ। ਇਹ ਨਾਟਕ ਉਸ ਸਮੇਂ ਦੇਸ਼ ਵਿਚਲੇ ਚੱਲ ਰਹੇ ਹਿੰਦੂ-ਮੁਸਲਮਾਨ ਤਣਾਅ ਨੂੰ ਪ੍ਰਤੀਕਾਤਮਕ ਰੂਪ ਵਿੱਚ ਪੇਸ਼ ਕਰਦਾ ਸੀ ਤੇ ਦੇਸ਼ ਦੇ ਬਟਵਾਰੇ ਦੀ ਪੂਰਵ ਚੇਤਾਵਨੀ ਸੀ। ਇਸੇ ਤਰ੍ਹਾਂ ਹਿੰਦੂ ਮੁਸਲਮਾਨ ਏਕਤਾ ਉੱਤੇ

ਇੱਕ ਹੋਰ ਨਾਟਕ ਸੀ, 'ਪਠਾਣ'।

* ਰਾਜ ਸਭਾ ਦਾ ਮੈਂਬਰ: ਪੰਡਿਤ ਨਹਿਰੂ ਨੇ ਪ੍ਰਿਥਵੀ ਰਾਜ ਕਪੂਰ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ। ਉਹ ਵਕਤ ਦੀ ਕਮੀ ਕਾਰਨ ਪਾਰਲੀਮੈਂਟ ਕਦੇ-ਕਦਾਈਂ ਹੀ ਜਾਂਦੇ।

* ਸ਼ਕਤੀਸ਼ਾਲੀ ਟੱਬਰ ਦਾ ਪਿਤਾਮਾ - ਪ੍ਰਿਥਵੀ ਰਾਜ ਦੀ ਧਾਰਨਾ ਸੀ ਕਿ ਸਭ ਗਰੁੱਪ ਇੱਕ ਪਰਿਵਾਰ ਵਾਂਗ ਹੋਇਆ ਹੈ। ਉਸਨੇ ਦੇਸ਼ ਦੇ ਹਰ ਸ਼ਹਿਰ ਤੇ ਹਰ ਖਿੱਤੇ ਵਿੱਚ ਅਦਾਕਾਰੀ ਕਰਨ ਦਾ ਸੁਪਨਾ ਪੂਰਾ ਕੀਤਾ। ਉਸਦੇ ਨਾਟ ਖੇਤਰ ਤੋਂ ਬਾਹਰ ਸਭ ਪੁੱਤਾਂ ਦੀ ਸਨਾਤਨੀ ਪਰੰਪਰਾ ਨੂੰ ਕਾਇਮ ਰੱਖਿਆ ਪਰ ਉਸਦੇ ਦੋਹਤਿਆਂ ਦੀ ਸਾਂ ਤਾਕਤ ਸਾਤਾ ਨੂੰ ਮਿਲਾਂਦਾ।

* ਆਰਥਿਕ ਮੰਦਹਾਲੀ ਦਾ ਸਾਹਮਣਾ - ਉਸਨੇ ਕੁਦਰਤੀ ਸਮਝੌਤੇ ਦੀ ਪਰਵਾਹ ਕੀਤੇ ਬਿਨਾਂ ਅਦਾਕਾਰੀ ਜਾਰੀ ਰੱਖੀ, ਜਿਸ ਕਰਕੇ ਉਸਦੇ ਆਰਥਿਕ ਹਾਲਾਤ ਵਿਗੜ ਗਏ ਤੇ ਸਰੀਰ ਵਿੱਚ ਰੋਗ ਪੈ ਗਏ। ਆਰਥਿਕ ਸੰਕਟ, ਸਰੀਰਕ ਥਕਾਵਟ ਤੇ ਕਈ ਕਲਾਕਾਰਾਂ ਦਾ ਉਸਨੂੰ ਛੱਡ ਜਾਣ ਨਾਲ ਉਹ ਬੇਬਸ ਹੋ ਗਿਆ। ਆਰਥਿਕ ਮੰਦਹਾਲੀ ਤੇ ਸਰੀਰਕ ਬੀਮਾਰੀ ਕਰਕੇ ਉਸਨੂੰ 1960 ਵਿੱਚ ਆਪਣਾ ਥੀਏਟਰ ਬੰਦ ਕਰਨਾ ਪਿਆ। ਉਸਨੇ ਬਿਮਾਰੀ ਦੇ ਕਰਕੇ ਹੀ ਹਾਲਤ ਵਿੱਚ ਆਪਣੇ ਪੁੱਤਰ ਦੁਆਰਾ ਦਿੱਤੀ ਡੇਢ ਲੱਖ ਰੁਪਏ ਦੀ ਸਹਾਇਤਾ ਲੈਣੀ ਅਸਵੀਕਾਰ ਕਰ ਦਿੱਤੀ।

* ਫ਼ਿਲਮਾਂ ਵਿੱਚ ਸਫ਼ਲਤਾ - ਪ੍ਰਿਥਵੀ ਰਾਜ ਨੇ ਮੂਕ ਫ਼ਿਲਮਾਂ ਵਿੱਚ ਕੰਮ ਕਰਨਾ ਆਰੰਭ ਕਰ

ਕਾ ਇੰਤ ਤੇ ਆਪਣੇ ਸਾਰੇ ਕਪੜੇ ਉਤਾਰ ਦਿੱਤੇ। ਉਹ ਇਹਨਾਂ ਵਿੱਚ ਰੋਲ ਦੀ ਚੋਣ ਲਈ ਲਾਪਰਵਾਹ ਹੋ ਗਿਆ। 'ਨਾਨਕ ਨਾਮ ਜਹਾਜ਼ ਹੈ' ਵਿੱਚ ਉਸਨੇ ਦਾੜ੍ਹੀ ਵਾਲੇ ਸ਼ਰਦਾਰੂ ਸਿੰਘ ਦਾ ਰੋਲ ਅਦਾ ਕਰਕੇ ਕਮਾਲ ਕਰ ਦਿੱਤੀ।

* ਜਾਨੋਂ ਮਾਰਨ ਦੀ ਧਮਕੀ ਮਿਲਣਾ - 1952 ਵਿੱਚ ਪ੍ਰਿਥਵੀ ਰਾਜ ਉੱਥੋਂ ਦੇ ਇੱਕ ਵੱਡੇ ਸਿਨੇਮਾ ਹਾਲ ਦੇ ਸਟੇਜ ਉੱਤੇ ਨਾਟਕ ਕਰ ਰਿਹਾ ਸੀ, ਇੱਥੇ ਉਸਨੂੰ ਇੱਕ ਚਿੱਠੀ ਮਿਲੀ, ਜਿਸ ਵਿੱਚ ਉਸਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਉਸਨੇ 'ਗਦਾਰ' ਨਾਟਕ ਖੇਡਿਆ ਤਾਂ ਉਸਨੂੰ ਗੋਲੀ ਮਾਰ ਦਿੱਤੀ ਜਾਵੇਗੀ। ਉਸਦੇ ਸਾਥੀ ਉਸਨੂੰ 'ਗੱਦਾਰ' ਨਾਟਕ ਖੇਡਣ ਤੋਂ ਵਰਜ ਰਹੇ ਸਨ ਤੇ 'ਪਠਾਣ' ਖੇਡਣ ਦੀ ਸਲਾਹ ਦੇ ਰਹੇ ਸਨ ਪਰ ਪ੍ਰਿਥਵੀ ਰਾਜ ਬਿਲਕੁਲ ਨਾ ਘਬਰਾਇਆ ਤੇ ਉਸਨੇ 'ਗੱਦਾਰ' ਨਾਟਕ ਹੀ ਪੇਸ਼ ਕਰਨ ਦਾ ਫੈਸਲਾ ਕੀਤਾ।

* ਸ਼ਖ਼ਸੀਅਤ ਵਿੱਚ ਸ਼ਕਤੀ - ਪ੍ਰਿਥਵੀ ਰਾਜ ਦੀ ਸ਼ਖ਼ਸੀਅਤ ਵਿੱਚ ਅਜਿਹੀ ਸਮਚਾਰਕ ਸ਼ਕਤੀ ਸੀ ਕਿ ਉਸਦੀ ਮੰਡਲੀ ਦੇ ਸਾਰੇ ਲੋਕ ਵਕਤ ਦੇ ਪਾਬੰਦ, ਮਿਹਨਤੀ, ਵਫ਼ਾਦਾਰ ਅਤੇ ਕੰਮ ਨਾਲ ਪ੍ਰਤੀਬੱਧ ਸਨ। ਉਹ ਇੰਨੇ ਜੋਸ਼ ਨਾਲ ਅਦਾਕਾਰੀ ਕਰਦਾ ਕਿ ਕਲਾਕਾਰਾਂ ਦੀ ਸਾਰੀ ਟੀਮ ਤੇ ਦਰਸ਼ਕਾਂ ਵਿੱਚ ਸ਼ਕਤੀ ਦੀਆਂ ਰੂਹਾਂ ਫੂਕਣ ਲੱਗ ਪੈਂਦੀਆਂ। ਉਸਦੇ ਸਿਖਾਏ ਕਈ ਕਲਾਕਾਰ ਫਿਲਮਾਂ ਵਿੱਚ ਜਾ ਚਮਕ ਪਏ। ਉਸਦੇ ਕਲਾਕਾਰ ਉਸਨੂੰ ਪਿਤਾ ਸਮਾਨ ਸਮਝਦੇ ਸਨ।

* ਅੰਤ → ਪ੍ਰਿਥਵੀ ਰਾਜ ਥੀਏਟਰ ਵਿਭਾਗ ਸ਼ੁਰੂ ਕਰਨਾ ਚਾਹੁੰਦਾ ਸੀ। ਪਰ ਉਹ ਇਹ ਸੁਪਨੇ ਪੂਰੇ ਹੋਇਆ ਕਰ ਮਈ 1972 ਨੂੰ ਸੁਰਗਵਾਸ ਹੋ ਗਿਆ।